ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ 6 ਸ਼ਾਖਾ)

ਅਧਿਸੂਚਨਾ

ਮਿਤੀ,ਚੰਡੀਗੜ੍ਹ, 31 ਮਈ, 2011

ਨੰਬਰ 1/82/2004-4ਸਿਹਤ 6/3864.- ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਰਾਜ ਵਿੱਚ ਲਿੰਗ ਅਨੁਪਾਤ ਵਿੱਚ ਸੁਧਾਰ ਕਰਨ ਲਈ ਅਤੇ ਲੜਕੀਆਂ ਦੇ ਜਨਮ ਨੂੰ ਉਤਸ਼ਾਹਿਤ ਕਰਨ ਲਈ 1-4-2005 ਤੋ ਸੁਰੂ ਕੀਤੀ ਗਈ ਬਾਲੜੀ ਰਕਸ਼ਕ ਯੋਜਨਾ ਨੂੰ ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਰੱਖਣ ਦੀ ਸਹਿਮਤੀ ਪ੍ਰਗਟ ਕਰਦੇ ਹਨ -

(ੳ) ਉਦੇਸ਼

- ਲਿੰਗ ਅਨੁਪਾਤ ਨੂੰ ਠੀਕ ਕਰਨ ਲਈ ਲੜਕੀਆ ਦੇ ਜਨਮ ਨੂੰ ਉਤਸ਼ਾਹਿਤ ਕਰਨਾ।
- ਅਬਾਦੀ ਨੂੰ ਸਥਿਰ ਰੱਖਣ ਲਈ ਯੋਗ ਜੋੜਿਆਂ (couple) ਨੂੰ ਪਰਿਵਾਰ ਨਿਯੋਜਨ ਦੇ ਪੱਕੇ ਤਰੀਕੇ ਅਪਣਾਉਣ ਲਈ ਪ੍ਰੇਰਿਤ ਕਰਨਾ।
- ਛੋਟੀ ਉਮਰ ਦੇ ਬੱਚਿਆ ਦੀ ਮੌਤ ਦਰ ਘਟਾਉਣਾ।

(ਅ) ਪਾਤਰਤਾ

ਪੰਜਾਬ ਦੇ ਵਸਨੀਕ ਉਹ ਯੋਗ ਜੋੜੇ ਪਾਤਰ ਹੋਣਗੇ, ਜਿਹੜੇ ਪਹਿਲੇ ਬੱਚੇ ਦੇ ਤੌਰ ਤੇ ਲੜਕੀ ਪੈਦਾ ਹੋਣ ਅਤੇ ਦੂਜੇ ਬੱਚੇ ਦੇ ਤੌਰ ਤੇ ਲੜਕੀ ਪੈਦਾ ਹੋਣ ਉਪਰੰਤ (ਪਹਿਲਾ ਬੱਚਾ ਲੜਕਾ ਨਾ ਹੋਵੇ) ਪਰਿਵਾਰ ਨਿਯੋਜਨ ਦਾ ਪੱਕਾ ਤਰੀਕਾ ਅਪਣਾਉਣਗੇ । ਯੋਗ ਜੋੜੇ ਦੀ ਪ੍ਰੀਭਾਸ਼ਾ ਵਿੱਚ ਉਹ ਜੋੜੇ ਆਉਣਗੇ, ਜਿਸ ਵਿੱਚ ਪਰਿਵਾਰ ਨਿਯੋਜਨ ਦਾ ਪੱਕਾ ਤਰੀਕਾ ਅਪਨਾਉਣ ਸਮੇਂ ਪੁਰਸ਼ ਦੀ ਉਮਰ 45 ਸਾਲ ਅਤੇ ਔਰਤ ਦੀ ਉਮਰ 40 ਤੋਂ ਵੱਧ ਨਾ ਹੋਵੇ।

(ੲ) ਸਕੀਮ ਦੀਆਂ ਸਹੂਲਤਾਂ ਪ੍ਰਾਪਤ ਕਰਨ ਲਈ ਸ਼ਰਤਾਂ

(1) ਯੋਗ ਜੋੜਾ ਪੰਜਾਬ ਰਾਜ ਦਾ ਹੀ ਵਸਨੀਕ ਹੋਵੇ ਅਤੇ ਇਸ ਸਬੰਧੀ ਉਸ ਕੋਲ ਕੋਈ ਠੋਸ ਸਬੂਤ ਹੋਵੇ। ਇਸ ਦਾ ਲਾਭ ਪੰਜਾਬ ਸਰਕਾਰ ਜਾਂ ਪੰਜਾਬ ਸਰਕਾਰ ਦੇ ਬੋਰਡਾਂ/ਕਾਰਪੋਰੇਸ਼ਨਾਂ ਦੇ ਅਜਿਹੇ ਕਰਮਚਾਰੀ ਵੀ ਲੈ ਸਕਦੇ ਹਨ ਜਿਨ੍ਹਾਂ ਦੀ ਪੋਸਟਿੰਗ ਚੰਡੀਗੜ੍ਹ ਜਾਂ ਪੰਜਾਬ ਤੋਂ ਬਾਹਰ ਕਿਤੇ ਹੈ।

(2) ਲੜਕੀ (ਲੜਕੀਆਂ) ਦਾ ਨਾਮ ਲੋਕਲ ਰਜਿਸਟਰਾਰ, ਜਨਮ ਅਤੇ ਮੌਤ, ਪਾਸ ਸਮੇਂ ਸਿਰ ਦਰਜ ਕਰਵਾਇਆ ਗਿਆ ਹੋਵੇ।

(3) ਯੋਗ ਜੋੜੇ ਵਿੱਚੋਂ ਕੋਈ ਵੀ ਪਾਰਟਨਰ ਇਨਕਮ ਟੈਕਸ ਦੇਣਕਾਰ (income tax payee) ਨਾ ਹੋਵੇ।

(4) ਲੜਕੀ (ਲੜਕੀਆਂ) ਜਿਸ ਕਰਕੇ ਇਹ ਲਾਭ ਮਿਲ ਰਿਹਾ ਹੈ, ਦੀ ਮਿਰਤੂ ਹੋ ਜਾਣ ਤੇ ਇਹ ਲਾਭ ਮਿਰਤੂ ਦੀ ਮਿਤੀ ਤੋਂ ਬੰਦ ਹੋ ਜਾਵੇਗਾ।

(ਸ) ਮਿਲਣ ਵਾਲੀ ਮਾਲੀ ਸਹਾਇਤਾ

ਜਿਹੜੇ ਯੋਗ ਜੋੜੇ ਪਰਿਵਾਰ ਨਿਯੋਜਨ ਦਾ ਪੱਕਾ ਤਰੀਕਾ ਅਪਨਾਉਣਗੇ, ਉਨਾਂ ਦੀ ਲੜਕੀ (ਲੜਕੀਆਂ) ਦੀ ਉਮਰ 18 ਸਾਲ ਹੋਣ ਤੱਕ ਹਰ ਮਹੀਨੇ 500 (ਪੰਜ ਸੌ) ਰੁਪਏ ਪ੍ਰਤੀ ਮਹੀਨਾ ਪ੍ਰਤੀ ਲੜਕੀ (ਦੋ ਲੜਕੀਆਂ ਤੱਕ) ਮਿਲਣਗੇ, ਜਿਹੜੇ ਲੜਕੀ (ਲੜਕੀਆਂ) ਦੇ ਖਾਤੇ ਵਿੱਚ ਹੀ ਜਮ੍ਹਾ ਹੋਣਗੇ।

(ਹ) ਆਸ਼ਾ ਵਰਕਰ ਨੂੰ ਮੋਟੀਵੇਸ਼ਨ ਲਈ ਰਕਮ

ਜੇਕਰ ਕੋਈ ਆਸ਼ਾ (ASHA) ਵਰਕਰ ਅਜਿਹੇ ਕੇਸ ਨੂੰ ਮੋਟੀਵੇਟ ਕਰਕੇ ਰਜਿਸਟਰਡ ਕਰਵਾਉਂਦੀ ਹੈ, ਤਾਂ ਉਸ ਨੂੰ 500/- (ਪੰਜ ਸੌ) ਰੁਪਏ ਪ੍ਰਤੀ ਕੇਸ ਮਿਲੇਗਾ।

(ਕ) ਮੰਨਜ਼ੂਰੀ ਅਤੇ ਅਦਾਇਗੀ ਕਰਨ ਵਾਲਾ ਅਧਿਕਾਰੀ ਅਤੇ ਸ਼ਰਤਾਂ

(1) ਯੋਗ ਜੋੜਾ ਡਾਕਖਾਨੇ ਜਾਂ ਕਿਸੇ ਬੈਂਕ ਵਿੱਚ ਹਰੇਕ ਲੜਕੀ ਦੇ ਨਾਂ ਤੇ ਵੱਖਰਾ ਸਾਂਝਾ ਖਾਤਾ ਖੋਲੇਗਾ, ਜਿਸ ਦਾ ਜ਼ਿਕਰ ਸਕੀਮ ਦਾ ਲਾਭ ਲੈਣ ਲਈ ਭਰੇ ਜਾਣ ਵਾਲੇ ਰਜਿਸਟਰੇਸ਼ਨ ਫਾਰਮ (ਜਿਹੜੇ ਹਰੇਕ ਸਰਕਾਰੀ ਹਸਪਤਾਲ ਵਿੱਚ ਉਪਲਬਧ ਹੋਣਗੇ ਅਤੇ ਸਿਹਤ ਵਿਭਾਗ ਦੀ ਵੈਬ ਸਾਈਟ http://www.pbhealth.gov.in/ ਤੇ ਵੀ ਉਪਲਬਧ ਹੋਣਗੇ) ਵਿੱਚ ਕੀਤਾ ਜਾਵੇਗਾ।

(2) ਜਿਹੜਾ ਯੋਗ ਜੋੜਾ ਇਸ ਸਕੀਮ ਅਧੀਨ ਲਾਭ ਲੈਣਾ ਚਾਹੁੰਦਾ ਹੈ, ਉਸ ਨੂੰ ਦੋ ਰਜਿਸਟ੍ਰੇਸ਼ਨ ਫਾਰਮ ਅਤੇ ਲੋੜੀਂਦੇ ਡਾਕੂਮੈਂਟ ਨਜ਼ਦੀਕੀ ਸਬ ਸੈਂਟਰ ਵਿੱਚ ਜਮ੍ਹਾ ਕਰਵਾਉਣੇ ਹੋਣਗੇ। ਏ.ਐਨ.ਐਮ. (ਮਲਟੀਪਰਪਜ਼ ਹੈਲਥ ਵਰਕਰ ਫੀਮੇਲ) ਵਲੋਂ ਇਸ ਦੀ ਮੁੱਢਲੀ ਜਾਂਚ ਪੜਤਾਲ ਕੀਤੀ ਜਾਵੇਗੀ ਅਤੇ ਸਬੰਧਤ ਬਲਾਕ ਦੇ ਸੀਨੀਅਰ ਮੈਡੀਕਲ ਅਫਸਰ ਕੋਲ ਜਮਾਂ ਕਰਵਾਏ ਜਾਣਗੇ। ਸਬੰਧਤ ਬਲਾਕ ਦੇ ਸੀਨੀਅਰ ਮੈਡੀਕਲ ਅਫਸਰ ਵਲੋਂ ਫਾਰਮ ਵਿੱਚ ਦਰਸਾਏ ਤੱਥਾਂ ਦੀ ਪੁਸ਼ਟੀ ਕਰਨ ਉਪਰੰਤ ਕੇਸ ਜ਼ਿਲੇ ਦੇ ਸਿਵਲ ਸਰਜਨ ਨੂੰ ਸ਼ਿਫਾਰਸ ਸਹਿਤ ਭੇਜਿਆ ਜਾਵੇਗਾ। ਸ਼ਹਿਰੀ ਹਲਕਿਆਂ ਵਿੱਚ ਫਾਰਮ ਸਬੰਧਤ ਸਿਵਲ ਹਸਪਤਾਲ ਵਿੱਚ ਜਮ੍ਹਾ ਕਰਵਾਏ ਜਾਣਗੇ ਅਤੇ ਉਸ ਦੇ ਇੰਚਾਰਜ ਵਲੋਂ ਯੋਗ ਕਰਮਚਾਰੀ ਰਾਹੀਂ ਪੜਤਾਲ ਕਰਵਾ ਕੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

(3) ਹਰੇਕ ਸਿਵਲ ਸਰਜਨ ਵਲੋਂ ਅਜਿਹੇ ਕੇਸਾਂ ਲਈ ਵੱਖਰਾ ਰਜਿਸਟਰ ਲਗਾਇਆ ਜਾਵੇਗਾ, ਜਿਸ ਦੇ ਇੰਦਰਾਜ ਉਸ ਵਲੋਂ ਖੁਦ ਤਸਦੀਕ ਕੀਤੇ ਗਏ ਹੋਣਗੇ। ਕੇਸ ਦੀ ਮਨਜ਼ੂਰੀ ਦੇਣ ਉਪਰੰਤ ਸਬੰਧਤ ਸਿਵਲ ਸਰਜਨ ਵਲੋਂ ਨਜ਼ਦੀਕੀ ਬਲਾਕ ਦੇ ਸੀਨੀਅਰ ਮੈਡੀਕਲ ਅਫਸਰ ਜਾਂ ਸਿਵਲ ਹਸਪਤਾਲ ਦੇ ਇੰਚਾਰਜ ਨੂੰ ਪੇਮੈਂਟ ਕਰਨ ਲਈ ਨਾਮਜ਼ਦ ਕੀਤਾ ਜਾਵੇਗਾ।

(4) ਸਬੰਧਤ ਸੀਨੀਅਰ ਮੈਡੀਕਲ ਅਫਸਰ ਵਲੋਂ ਲਾਭਪਾਤਰੀ ਦੇ ਖਾਤੇ ਵਿੱਚ ਹਰ 6 ਮਹੀਨੇ ਦੇ ਵਕਫੇ ਉਪਰੰਤ ਬੀਤ ਚੁੱਕੇ ਮਹੀਨਿਆਂ ਦੀ ਬਣਦੀ ਸਹਾਇਤਾ ਰਾਸ਼ੀ ਅਪ੍ਰੈਲ ਅਤੇ ਨਵੰਬਰ ਦੇ ਮਹੀਨੇ ਵਿੱਚ ਇੱਕਠੀ ਜਮਾਂ ਕਰਵਾਈ ਜਾਵੇਗੀ।

(5) ਸਬੰਧਤ ਏ.ਐਨ.ਐਮ. (ਜਾਂ ਸ਼ਹਿਰੀ ਖੇਤਰ ਵਿੱਚ ਸਿਵਲ ਹਸਪਤਾਲ) ਵਲੋਂ ਅਪਰੈਲ ਦੇ ਮਹੀਨੇ ਰਕਮ ਡਰਾਅ ਕਰਨ ਤੋਂ ਪਹਿਲਾਂ ਅਜਿਹੇ ਕੇਸਾਂ ਦੀ ਜਾਂਚ ਕਰਕੇ ਇਹ ਸੁਨਿਸਚਿਤ ਕੀਤਾ ਜਾਵੇਗਾ ਕਿ ਲਾਭ ਪਾਤਰ ਲੜਕੀ (ਲੜਕੀਆਂ) ਜਿੰਦਾਂ ਹਨ।

(6) ਸਬੰਧਤ ਲੜਕੀ/ਲੜਕੀਆਂ ਦਾ ਖਾਤਾ ਉਦੋਂ ਤੱਕ ਚਾਲੂ ਰੱਖਿਆ ਜਾਵੇਗਾ, ਜਦੋਂ ਤੱਕ ਇਸ ਸਕੀਮ ਦਾ ਲਾਭ ਮਿਲਣਾ ਹੈ।

ਸਤੀਸ ਚੰਦਰਾ

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,

ਸਿਹਤ ਤੇ ਪਰਿਵਾਰ ਭਲਾਈ ਵਿਭਾਗ

....2.

-3-

ਪਿਠ ਅੰਕਣ ਨੰ: 1/82/2004-4ਸਿਹਤ6/2865 ਮਿਤੀ ਚੰਡੀਗੜ੍ਹ 31 ਮਈ, 2011

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਘੱਲਿਆ ਜਾਂਦਾ ਹੈ -

(1) ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ। (ਇੱਕ ਸਪੇਅਰ ਕਾਪੀ ਸਮੇਤ) ਇਹ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਅਧਿਸੂਚਨਾ ਨੂੰ ਪੰਜਾਬ ਸਰਕਾਰ ਦੇ ਅਸਾਧਾਰਣ ਗਜ਼ਟ ਵਿੱਚ ਤੁਰੰਤ ਛਪਵਾ ਕੇ 100 ਕਾਪੀਆਂ ਘੱਲੀਆਂ ਜਾਣ।

(2) ਪ੍ਰਮੁੱਖ ਸਕੱਤਰ, ਵਿੱਤ, ਪੰਜਾਬ, ਚੰਡੀਗੜ੍ਹ।

(3) ਪ੍ਰਮੁੱਖ ਸਕੱਤਰ, ਯੋਜਨਾਬੰਦੀ, ਪੰਜਾਬ, ਚੰਡੀਗੜ੍ਹ।

(4) ਪ੍ਰਮੁੱਖ ਸਕੱਤਰ, ਸਮਾਜਿਕ ਸੁਰੱਖਿਆ ਤੇ ਇਸਤਰੀ ਵਿਕਾਸ, ਪੰਜਾਬ, ਚੰਡੀਗੜ੍ਹ।

(5) ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ, ਚੰਡੀਗੜ੍ਹ (ਉਨ੍ਹਾਂ ਦੇ ਪੱਤਰ ਨੰ: ਐਸ.ਬੀ.ਐਚ. ਆਈ. (ਐਮ.ਈ-2)ਪੰ/10/13279, ਮਿਤੀ 15 ਨਵੰਬਰ, 2011 ਦੇ ਹਵਾਲੇ ਵਿੱਚ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਦਾ ਇਸ਼ਤਿਹਾਰ ਤਿਆਰ ਕਰਕੇ ਪ੍ਰਮੁੱਖ ਸਕੱਤਰ ਸਿਹਤ ਜੀ ਤੋਂ ਪਰਵਾਨ ਕਰਵਾ ਕੇ ਜਾਰੀ ਕੀਤਾ ਜਾਵੇ ਅਤੇ ਇਸ ਦਾ ਪੂਰਾ ਪਰਚਾਰ ਕੀਤਾ ਜਾਵੇ।

(6) ਡਾਇਰੈਕਟਰ ਪਰਿਵਾਰ ਭਲਾਈ, ਪੰਜਾਬ, ਚੰਡੀਗੜ੍ਹ।

(7) ਡਾਇਰੈਕਟਰ ਸਿਹਤ ਸੇਵਾਵਾਂ (ਸਮਾਜਿਕ ਸੁਰੱਖਿਆ) ਪੰਜਾਬ, ਚੰਡੀਗੜ੍ਹ।

(8) ਮੈਨੇਜਿੰਗ ਡਾਇਰੈਕਟਰ, ਪੰਜਾਬ ਸਿਹਤ ਸਿਸਟਮਜ਼ ਕਾਰਪੋਰੇਸ਼ਨ, ਚੰਡੀਗੜ੍ਹ।

(9) ਮਿਸ਼ਨ ਡਾਇਰੈਕਟਰ, ਪੰਜਾਬ ਐਨ.ਆਰ.ਐਚ.ਐਮ., ਪ੍ਰਯਾਸ ਭਵਨ, ਸੈਕਟਰ 38, ਚੰਡੀਗੜ੍ਹ।

(10) ਡਾਇਰੈਕਟਰ, ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ, ਚੰਡੀਗੜ੍ਹ।

(11) ਰਾਜ ਦੇ ਸਮੂਹ ਡਿਪਟੀ ਕਮਿਸ਼ਨਰ।

(12) ਰਾਜ ਦੇ ਸਮੂਹ ਸਿਵਲ ਸਰਜਨ।

ਵਧੀਕ ਸਕੱਤਰ ਸਿਹਤ।

......